Employment Standards Branch
FACTSHEET

ਇਹ ਤੱਥ-ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

July 2016

# ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ

ਫਾਰਮਾਂ ਲਈ ਕਾਮੇ ਲਿਜਾਣ ਵਾਲਾ ਠੇਕੇਦਾਰ, ਫਸਲਾਂ ਦੀ ਲਵਾਈ, ਜ਼ਮੀਨ ਦੀ ਤਿਆਰੀ ਜਾਂ ਫਸਲਾਂ ਦੀ ਚੁਗਾਈ ਦੇ ਸਬੰਧ ਵਿਚ ਉਦਪਾਦਕਾਂ ਨੂੰ ਲੇਬਰ ਪ੍ਰਦਾਨ ਕਰਦਾ ਹੈ। ਭਾਵੇਂ ਕਿ ਵਰਕਰ ਵੱਖ ਵੱਖ ਉਤਪਾਦਕਾਂ ਦੀ ਮਾਲਕੀ ਵਾਲੇ ਕਈ ਤਰ੍ਹਾਂ ਦੇ ਫਾਰਮਾਂ ਵਿਚ ਕੰਮ ਕਰ ਸਕਦੇ ਹਨ, ਪਰ ਉਹ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਮੁਲਾਜ਼ਮ (ਇਮਪਲੌਈ) ਹੁੰਦੇ ਹਨ।

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰਾਂ (ਕੌਨਟਰੈਕਟਰਜ਼) ਦਾ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਧੀਨ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ ਪਰ ਜਿਹੜਾ ਠੇਕੇਦਾਰ ਸਿਰਫ ਦਰਖਤ ਲਾਉਣ ਜਾਂ ਸਪਰੇਅ ਕਰਨ ਜਾਂ ਦਰਖਤਾਂ ਦੀ ਛੰਗਾਈ ਦਾ ਕੰਮ ਕਰਦਾ ਹੈ ਉਸ ਲਈ ਲਾਇਸੰਸ ਲੈਣਾ ਜ਼ਰੂਰੀ ਨਹੀਂ ਹੈ। ਖੇਤੀਬਾੜੀ ਉਤਪਾਦਕ, ਜੇ ਸਿਰਫ ਆਪਣੀ ਜ਼ਮੀਨ ’ਤੇ ਫਸਲਾਂ ਚੁਗਣ ਲਈ ਲੋਕਾਂ ਨੂੰ ਕੰਮ ’ਤੇ ਰੱਖਦੇ ਹਨ ਤਾਂ ਉਨ੍ਹਾਂ ਨੂੰ ਫਾਰਮ ਲੇਬਰ ਦੇ ਠੇਕੇਦਾਰ ਵਜੋਂ ਲਾਇਸੰਸ ਲੈਣ ਦੀ ਲੋੜ ਨਹੀਂ ਹੈ।

## ਲਾਇਸੰਸ ਲੈਣ ਲਈ ਸ਼ਰਤਾਂ

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਵਜੋਂ ਅਰਜ਼ੀ ਕਰਨ ਵਾਲੇ ਅਰਜ਼ੀਕਾਰਾਂ ਨੂੰ ਐਕਟ ਅਤੇ ਰੈਗੂਲੇਸ਼ਨ ਬਾਰੇ ਇਕ ਲਿਖਤੀ ਟੈੱਸਟ ਜ਼ਰੂਰ ਪਾਸ ਕਰਨਾ ਪਵੇਗਾ ਅਤੇ ਬੌਂਡ ਦੇ ਰੂਪ ਵਿਚ ਸਕਿਉਰਟੀ ਜਮ੍ਹਾਂ ਕਰਵਾਉਣੀ ਪਵੇਗੀ ਜਿਹੜੀ ਕਿ ਹਰ ਕਾਮੇ ਲਈ ਘੱਟੋ-ਘੱਟ ਤਨਖਾਹ ਦੇ ਰੇਟ ਮੁਤਾਬਕ 80 ਘੰਟਿਆਂ ਦੇ ਸਮੇਂ ਦੇ ਬਰਾਬਰ ਹੋਵੇਗੀ।

ਜੇ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੇ ਐਕਟ ਦੀ ਕਿਸੇ “ਮੁੱਖ ਸ਼ਰਤ” ਦੀ ਉਲੰਘਣਾ ਨਹੀਂ ਕੀਤੀ ਤਾਂ ਬੌਂਡ ਦੀ ਰਕਮ ਘਟਾ ਦਿੱਤੀ ਜਾਵੇਗੀ, ਜਿਵੇਂ ਕਿ ਅੱਗੇ ਲਿਖੇ ਸੈਕਸ਼ਨਾਂ ਵਿਚ ਤਹਿ ਕੀਤਾ ਗਿਆ ਹੈ:

- ਸੈਕਸ਼ਨ 13(1) – ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਜ਼ਰੂਰ ਹੀ ਲਾਇਸੰਸਸ਼ੁਦਾ ਹੋਣੇ ਚਾਹੀਦੇ ਹਨ;
- ਸੈਕਸ਼ਨ 17(1) – ਤਨਖਾਹ ਦੇ ਦਿਨ;
- ਸੈਕਸ਼ਨ 28 – ਕਾਮਿਆਂ ਦਾ ਰਿਕਾਰਡ;
- ਸੈਕਸ਼ਨ 58 – ਛੁੱਟੀਆਂ ਦੀ ਤਨਖਾਹ (ਵਕੇਸ਼ਨ ਪੇਅ); ਅਤੇ
- ਸੈਕਸ਼ਨ 15 ਅਤੇ 18(1) ਘੱਟੋ ਘੱਟ ਤਨਖਾਹ।

ਬੌਂਡ ਦੀ ਰਕਮ ਹਰ ਉਸ ਸਾਲ ਲਈ ਘਟਾਈ ਜਾਵੇਗੀ ਜਿਸ ਸਾਲ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੇ ਕਿਸੇ ਮੁੱਖ ਸ਼ਰਤ ਦੀ ਉਲੰਘਣਾ ਨਾ ਕੀਤੀ ਹੋਵੇ। ਕਮੀ ਦੀ ਰਕਮ ਇਸ ਤਰ੍ਹਾਂ ਹੈ:

| *ਉਲੰਘਣਾ ਨਾ ਕਰਨ ਦਾ ਸਮਾਂ* | *ਜ਼ਰਬ* |
|---|---|
| 1 ਸਾਲ ਤੋਂ ਲੈ ਕੇ 2 ਸਾਲਾਂ ਤੋਂ ਘੱਟ | 60 |
| 2 ਸਾਲਾਂ ਤੋਂ ਲੈ ਕੇ 3 ਸਾਲਾਂ ਤੋਂ ਘੱਟ | 40 |
| 3 ਸਾਲ ਜਾਂ ਜ਼ਿਆਦਾ | 20 |

ਜੇ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੇ ਪਹਿਲਾਂ ਕਦੇ ਐਕਟ ਦੀ ਉਲੰਘਣਾ ਨਹੀਂ ਕੀਤੀ ਤਾਂ ਉਸ ਨੂੰ ਤਿੰਨ ਸਾਲਾਂ ਲਈ ਲਾਇਸੰਸ ਜਾਰੀ ਕੀਤਾ ਜਾ ਸਕਦਾ ਹੈ। ਨਹੀਂ ਤਾਂ ਲਾਇਸੰਸ ਹਰ ਸਾਲ ਨਵਿਆਉਣਾ ਜ਼ਰੂਰੀ ਹੈ।

## ਗੈਰ-ਲਾਇਸੰਸਸ਼ੁਦਾ ਠੇਕੇਦਾਰ

ਉਤਪਾਦਕ ਤੋਂ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਸਿਰਫ ਲਾਇਸੰਸਸ਼ੁਦਾ ਠੇਕੇਦਾਰ ਨੂੰ ਵਰਤਣ ਦੀ ਮੰਗ ਕੀਤੀ ਜਾਂਦੀ ਹੈ। ਜਿਹੜਾ ਉਤਪਾਦਕ ਗੈਰਲਾਇਸੰਸਸ਼ੁਦਾ ਠੇਕੇਦਾਰ ਦੀ ਵਰਤੋਂ ਕਰਦਾ ਹੈ, ਉਸ ਨੂੰ 500 ਡਾਲਰ ਤੋਂ ਲੈ ਕੇ 10,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ।

ਜਿਹੜਾ ਉਤਪਾਦਕ, ਗੈਰਲਾਇਸੰਸਸ਼ੁਦਾ ਠੇਕੇਦਾਰ ਵਲੋਂ ਲਿਆਂਦੇ ਗਏ ਕਾਮਿਆਂ ਤੋਂ ਕੰਮ ਕਰਵਾਉਂਦਾ ਹੈ ਉਹ ਐਕਟ ਅਨੁਸਾਰ ਉਨ੍ਹਾਂ ਕਾਮਿਆਂ ਦਾ ਇਮਪਲੌਏਅਰ (ਕੰਮ-ਮਾਲਕ) ਸਮਝਿਆ ਜਾਂਦਾ ਹੈ ਅਤੇ ਉਸ ਨੂੰ ਕਿਸੇ ਵੀ ਨਾ ਦਿੱਤੀ ਗਈ ਤਨਖਾਹ ਲਈ ਜ਼ਿੰਮੇਵਾਰ ਸਮਝਿਆ ਜਾ ਸਕਦਾ ਹੈ।

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਫਰਜ਼:
ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਲਈ ਇਹ ਸਾਰੀਆਂ ਚੀਜ਼ਾਂ ਕਰਨਾ ਜ਼ਰੂਰੀ ਹੈ:

- ਲਾਇਸੰਸ ਵਾਲੇ ਕੰਮ ਕਰਨ ਦੌਰਾਨ, ਹਰ ਵੇਲੇ ਠੇਕੇਦਾਰ ਦਾ ਲਾਇਸੰਸ ਕੋਲ ਰੱਖਣਾ ਪਵੇਗਾ;
- ਇਸ ਲਾਇਸੰਸ ਦੀ ਕਾਪੀ ਕਾਮਿਆਂ ਨੂੰ ਲਿਜਾਣ ਵਾਲੀਆਂ ਸਾਰੀਆਂ ਗੱਡੀਆਂ ਵਿਚ ਸਪਸ਼ਟ ਰੂਪ ਵਿਚ ਜ਼ਰੂਰ ਲਾਉਣੀ ਪਵੇਗੀ;

*ਜਾਰੀ...*

- ਫਾਰਮਾਂ ਲਈ ਕਾਮੇ ਲਿਜਾਣ ਵਾਲਾ ਠੇਕੇਦਾਰ ਜਿਨ੍ਹਾਂ ਲੋਕਾਂ ਨਾਲ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਤੌਰ 'ਤੇ ਕੰਮ ਕਰਨਾ ਚਾਹੁੰਦਾ ਹੈ, ਉਨ੍ਹਾਂ ਸਾਰਿਆਂ ਨੂੰ ਉਸ ਨੂੰ ਆਪਣਾ ਲਾਇਸੰਸ ਪਹਿਲਾਂ ਦਿਖਾਉਣਾ ਪਵੇਗਾ;
- ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਕਾਰੋਬਾਰ ਜਾਂ ਘਰ ਦੇ ਐਡਰੈਸ ਵਿਚ ਜੇ ਕੋਈ ਤਬਦੀਲੀ ਆਉਂਦੀ ਹੈ ਤਾਂ ਇਸ ਬਾਰੇ ਫੌਰਨ ਡਾਇਰੈਕਟਰ ਨੂੰ ਦੱਸਣਾ ਪਵੇਗਾ;
- ਕਾਮਿਆਂ ਨੂੰ ਲਿਜਾਣ ਲਈ ਠੇਕੇਦਾਰ ਵਲੋਂ ਵਰਤੀਆਂ ਜਾਂਦੀਆਂ ਸਾਰੀਆਂ ਗੱਡੀਆਂ ਦੇ ਰਜਿਸਟਰੇਸ਼ਨ ਨੰਬਰਾਂ ਅਤੇ ਲਾਇਸੰਸ ਨੰਬਰਾਂ ਦੀ ਤਾਜ਼ੀ ਲਿਸਟ ਡਾਇਰੈਕਟਰ ਨੂੰ ਦੇਣੀ ਪਵੇਗੀ;
- ਇਹ ਪੱਕਾ ਕਰਨਾ ਪਵੇਗਾ ਕਿ ਕਾਮੇ ਲਿਜਾਣ ਲਈ ਵਰਤੀ ਜਾਣ ਵਾਲੀ ਹਰ ਗੱਡੀ ਉੱਪਰ ਇਨਸਪੈਕਸ਼ਨ ਦਾ ਉਹ ਸਰਟੀਫਿਕੇਟ ਲੱਗਾ ਹੋਇਆ ਹੈ ਜਿਸ ਦੀ ਮਿਆਦ ਮੁੱਕੀ ਹੋਈ ਨਹੀਂ ਹੈ ਅਤੇ ਇਸ ਦੀ ਇਕ ਕਾਪੀ ਡਾਇਰੈਕਟਰ ਨੂੰ ਦੇਣੀ ਪਵੇਗੀ;
- ਇਹ ਪੱਕਾ ਕਰਨਾ ਪਵੇਗਾ ਕਿ ਹਰ ਉਹ ਵਿਅਕਤੀ ਜਿਹੜਾ ਕਾਮਿਆਂ ਨੂੰ ਢੋਂਦਾ ਹੈ ਉਸ ਕੋਲ ਉਸ ਸ਼੍ਰੇਣੀ ਦਾ ਡਰਾਈਵਰ ਦਾ ਯੋਗ ਲਾਇਸੰਸ ਹੈ ਜਿਸ ਸ਼੍ਰੇਣੀ ਦੀ ਗੱਡੀ ਚਲਾਈ ਜਾ ਰਹੀ ਹੈ; ਅਤੇ
- ਕਾਮਿਆਂ ਨੂੰ ਢੋਣ ਲਈ ਵਰਤੀ ਜਾਂਦੀ ਹਰ ਗੱਡੀ ਵਿਚ, ਗੱਡੀ ਅਤੇ ਮੁਸਾਫਰਾਂ ਦੀ ਸੇਫਟੀ, ਜਿਸ ਵਿਚ ਡਰਾਈਵਰ, ਸੀਟਾਂ ਅਤੇ ਸੀਟ ਬੈੱਲਟ ਦੀਆਂ ਸ਼ਰਤਾਂ ਸ਼ਾਮਲ ਹਨ ਬਾਰੇ ਡਾਇਰੈਕਟਰ ਵਲੋਂ ਦਿੱਤਾ ਗਿਆ ਨੋਟਿਸ ਲਗਾਉਣਾ ਪਵੇਗਾ।

## ਰਿਕਾਰਡ ਰੱਖਣੇ

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਲਈ ਕੰਮ ਵਾਲੀ ਹਰ ਥਾਂ 'ਤੇ ਰੋਜ਼ਾਨਾ ਰਿਕਾਰਡ ਰੱਖਣਾ ਜ਼ਰੂਰੀ ਹੈ ਜਿਹੜਾ ਕਿ ਡਾਇਰੈਕਟਰ ਵਲੋਂ ਦੇਖੇ ਜਾਣ ਲਈ ਮੌਜੂਦ ਹੋਣਾ ਚਾਹੀਦਾ ਹੈ। ਇਸ ਵਿਚ ਅੱਗੇ ਲਿਖੀ ਜਾਣਕਾਰੀ ਹੋਣਾ ਜ਼ਰੂਰੀ ਹੈ:

- ਉਤਪਾਦਕ ਦਾ ਨਾਂ ਅਤੇ ਕੰਮ ਵਾਲੀ ਉਸ ਥਾਂ ਦਾ ਨਾਂ ਜਿਸ ਲਈ ਕਾਮੇ ਸਪਲਾਈ ਕੀਤੇ ਗਏ ਹਨ ਅਤੇ ਉਨ੍ਹਾਂ ਕਾਮਿਆਂ ਦੇ ਨਾਂ ਜਿਹੜੇ ਉਸ ਦਿਨ ਉਸ ਥਾਂ 'ਤੇ ਕੰਮ ਕਰ ਰਹੇ ਹਨ;
- ਹਰ ਕਾਮੇ ਦਾ ਨਾਂ ਅਤੇ ਕੰਮ ਦੀਆਂ ਤਾਰੀਕਾਂ;
- ਉਹ ਥਾਂ ਜਿੱਥੇ ਹਰ ਕਾਮਾ ਹਰ ਰੋਜ਼ ਕੰਮ ਕਰਦਾ ਹੈ;
- ਹਰ ਦਿਨ ਹਰ ਕਾਮੇ ਵਲੋਂ ਤੋੜੇ ਗਏ ਫਲ, ਸਬਜ਼ੀਆਂ, ਬੇਰੀ ਜਾਂ ਫੁੱਲਾਂ ਦਾ ਵੇਰਵਾ; ਅਤੇ
- ਹਰ ਕਾਮੇ ਵਲੋਂ ਹਰ ਰੋਜ਼ ਤੋੜੀਆਂ ਗਈਆਂ ਚੀਜ਼ਾਂ ਦੀ ਗਿਣਤੀ ਜਾਂ ਭਾਰ।

ਸਾਰੇ ਰਿਕਾਰਡ ਅੰਗਰੇਜ਼ੀ ਵਿਚ ਰੱਖੇ ਜਾਣੇ ਜ਼ਰੂਰੀ ਹਨ। ਕੰਮ-ਮਾਲਕ ਲਈ ਇਹ ਰਿਕਾਰਡ ਕੰਮ ਖਤਮ ਹੋਣ ਤੋਂ ਬਾਅਦ ਦੋ ਸਾਲਾਂ ਲਈ ਰੱਖਣੇ ਜ਼ਰੂਰੀ ਹਨ।

## ਸਫਰ ਦੀ ਤਨਖਾਹ

ਜਦੋਂ ਫਾਰਮਾਂ ਲਈ ਕਾਮੇ ਲਿਜਾਣ ਵਾਲਾ ਕੋਈ ਠੇਕੇਦਾਰ ਕਾਮੇ ਨੂੰ ਕੰਮ ਵਾਲੀ ਥਾਂ 'ਤੇ ਲੈ ਕੇ ਜਾਂਦਾ ਹੈ ਅਤੇ ਉੱਥੇ ਉਸ ਨੂੰ ਕੋਈ ਕੰਮ ਕਰਨ ਲਈ ਨਹੀਂ ਦਿੰਦਾ ਤਾਂ ਠੇਕੇਦਾਰ ਨੂੰ ਅੱਗੇ ਲਿਖੇ ਮੁਤਾਬਕ ਜਿਹੜੀ ਵੀ **ਜ਼ਿਆਦਾ** ਹੋਵੇ ਘੱਟੋ ਘੱਟ ਤਨਖਾਹ ਜ਼ਰੂਰ ਦੇਣੀ ਪਵੇਗੀ:

- 2 ਘੰਟਿਆਂ ਦੇ ਕੰਮ ਦੀ ਘੱਟੋ ਘੱਟ ਤਨਖਾਹ; ਜਾਂ
- ਜਾਣ ਵਾਲੀ ਥਾਂ ਤੋਂ ਕੰਮ ਵਾਲੀ ਥਾਂ ਨੂੰ ਜਾਂ ਕਿਸੇ ਹੋਰ ਬਦਲਵੀਂ ਥਾਂ ਨੂੰ ਜਾਣ ਅਤੇ ਉੱਥੋਂ ਆਉਣ 'ਤੇ ਲੱਗਾ ਸਮਾਂ ਜਿਹੜਾ ਹੋਰ ਜ਼ਿਆਦਾ ਦੂਰ ਨਹੀਂ ਹੈ ਅਤੇ ਕਾਮੇ ਨੂੰ ਮਨਜ਼ੂਰ ਹੈ।

ਇਹ ਸ਼ਰਤ ਲਾਗੂ ਨਹੀਂ ਹੁੰਦੀ ਜੇ ਮੌਸਮ ਦੇ ਖਰਾਬ ਹੋਣ ਕਾਰਨ ਜਾਂ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਬਾਹਰਲੇ ਕਿਸੇ ਹੋਰ ਕਾਰਨ ਕਰਕੇ ਕੰਮ ਮੌਜੂਦ ਨਹੀਂ ਹੈ।

## ਤਨਖਾਹ ਦੇ ਰੇਟ ਲਾਉਣਾ ਅਤੇ ਤਨਖਾਹਾਂ ਦੇਣਾ

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੂੰ ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਦਿੱਤੀ ਜਾਣ ਵਾਲੀ ਤਨਖਾਹ ਦੇ ਰੇਟ ਸਪਸ਼ਟ ਰੂਪ ਵਿਚ ਕੰਮ ਵਾਲੀਆਂ ਸਾਰੀਆਂ ਥਾਂਵਾਂ 'ਤੇ ਅਤੇ ਕਾਮਿਆਂ ਨੂੰ ਲਿਜਾਣ ਵਾਲੀਆਂ ਸਾਰੀਆਂ ਗੱਡੀਆਂ ਵਿਚ ਜ਼ਰੂਰ ਲਾਉਣੇ ਪੈਣਗੇ।

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੂੰ ਤਨਖਾਹ ਸਿੱਧੀ ਕਾਮੇ ਦੇ ਬੈਂਕ ਅਕਾਊਂਟ ਵਿਚ ਜਮ੍ਹਾਂ ਕਰਵਾਉਣੀ ਪਵੇਗੀ।

## ਕਾਮੇ ਰੱਖਣ ਲਈ ਕੋਈ ਚਾਰਜ ਨਹੀਂ

ਫਾਰਮਾਂ ਲਈ ਕਾਮੇ ਲਿਜਾਣ ਵਾਲਾ ਠੇਕੇਦਾਰ ਕਿਸੇ ਨੂੰ ਕੰਮ 'ਤੇ ਰੱਖਣ ਜਾਂ ਉਸ ਵਿਅਕਤੀ ਲਈ ਕੰਮ ਲੱਭਣ ਦਾ ਉਸ ਤੋਂ ਕੋਈ ਵੀ ਪੈਸਾ ਨਹੀਂ ਲੈ ਸਕਦਾ।

## ਗੱਡੀ ਦੀ ਸੇਫਟੀ

ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਲਿਜਾਣ ਲਈ ਵਰਤੀਆਂ ਜਾਂਦੀਆਂ ਸਾਰੀਆਂ ਗੱਡੀਆਂ ਨੂੰ *ਮੋਟਰ ਵਹੀਕਲ ਐਕਟ* ਅਤੇ ਡਵੀਜ਼ਨ 39 – ਮੋਟਰ ਵਹੀਕਲ ਐਕਟ ਦੇ ਨਿਯਮਾਂ ਦੀ ਸੜਕ ਸੁਰੱਖਿਆ ਦੀਆਂ ਸ਼ਰਤਾਂ ਮੁਤਾਬਕ ਠੀਕ ਰੱਖਿਆ ਜਾਣਾ ਜ਼ਰੂਰੀ ਹੈ।

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਵਲੋਂ ਕਾਮੇ ਲਿਜਾਣ ਲਈ ਵਰਤੀ ਜਾ ਰਹੀ ਕਿਸੇ ਗੱਡੀ ਨੂੰ ਜੇ ਸਰਵਿਸ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ ਅਤੇ ਸੂਬੇ ਵਲੋਂ ਲਿਜਾਣ ਦਾ ਕੋਈ ਬਦਲਵਾਂ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਵਲੋਂ ਡਾਇਰੈਕਟਰ ਨੂੰ 500 ਡਾਲਰ ਦੀ ਪ੍ਰਬੰਧਕੀ ਫੀਸ ਦੇਣੀ ਪਵੇਗੀ।

*ਜਾਰੀ...*

Employment Standards Branch



## ਲਾਇਸੰਸ ਮੁਅੱਤਲ ਜਾਂ ਕੈਂਸਲ ਕਰਨਾ

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਕਿਸੇ ਠੇਕੇਦਾਰ ਦਾ ਲਾਇਸੰਸ ਸਸਪੈਂਡ ਜਾਂ ਕੈਂਸਲ ਕੀਤਾ ਜਾ ਸਕਦਾ ਹੈ ਜੇ ਫਾਰਮਾਂ ਲਈ ਕਾਮੇ ਲਿਜਾਣ ਵਾਲਾ ਠੇਕੇਦਾਰ:

- ਲਾਇਸੰਸ ਲਈ ਅਰਜ਼ੀ ਵਿਚ ਗਲਤ ਜਾਂ ਗੁਮਰਾਹ ਕਰਨ ਵਾਲੀ ਜਾਣਕਾਰੀ ਦਿੰਦਾ ਹੈ;
- ਲਾਇਸੰਸ ਦੀ ਕਿਸੇ ਸ਼ਰਤ ਦੀ ਉਲੰਘਣਾ ਕਰਦਾ ਹੈ;
- ਐਕਟ ਜਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ;
- *ਮੋਟਰ ਵਹੀਕਲ ਐਕਟ* ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿਚ ਫੇਲ੍ਹ ਹੁੰਦਾ ਹੈ;
- ਕਿਸੇ ਗੱਡੀ ਨੂੰ ਉਦੋਂ ਮੁਰੰਮਤ ਕਰਵਾਉਣ ਲਈ ਹਾਈਵੇਅ ਤੋਂ ਹਟਾਉਣ ਦਾ ਆਰਡਰ ਕੀਤਾ ਜਾਂਦਾ ਹੈ ਜਦੋਂ ਇਹ ਫਾਰਮਾਂ ਲਈ ਕਾਮੇ ਲਿਜਾਣ ਲਈ ਵਰਤੀ ਜਾ ਰਹੀ ਸੀ; ਜਾਂ
- ਵਰਕਰਜ਼ ਕੰਪਨਸੇਸ਼ਨ ਐਕਟ ਜਾਂ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਦੀ ਪਾਲਣਾ ਕਰਨ ਵਿਚ ਫੇਲ੍ਹ ਹੁੰਦਾ ਹੈ।

## ਖੇਤੀਬਾੜੀ ਬਾਰੇ ਹੁਕਮਾਂ ਦੀ ਤਾਮੀਲ ਕਰਵਾਉਣ ਵਾਲੀ ਟੀਮ

ਐਕਟ ਅਧੀਨ ਹੁਕਮਾਂ ਦੀ ਤਾਮੀਲ ਕਰਵਾਉਣ ਵਾਲੀ ਟੀਮ (ਕੰਪਲਾਇੰਸ ਟੀਮ) ਨੂੰ ਉਨ੍ਹਾਂ ਫਾਰਮਾਂ ਵਿਚ ਦਾਖਲ ਹੋਣ ਦਾ ਅਧਿਕਾਰ ਹੈ ਜਿੱਥੇ ਕੰਮ ਹੋ ਰਿਹਾ ਹੁੰਦਾ ਹੈ। ਇਹ ਫੇਰੀਆਂ ਬਿਨਾਂ ਦੱਸਿਆਂ ਮਾਰੀਆਂ ਜਾਂਦੀਆਂ ਹਨ ਤਾਂ ਜੋ ਹੋ ਰਹੇ ਆਮ ਕੰਮਾਂ ਨੂੰ ਦੇਖਿਆ ਜਾ ਸਕੇ। ਟੀਮ ਦੇ ਮੈਂਬਰ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਅਤੇ ਉਤਪਾਦਕ ਨਾਲ ਗੱਲ ਕਰਨਗੇ, ਜੇ ਉਹ ਉੱਥੇ ਹਾਜ਼ਰ ਹੋਣ, ਕਾਮਿਆਂ ਦੀ ਇੰਟਰਵਿਊ ਲੈਣਗੇ ਅਤੇ ਰਿਕਾਰਡ ਚੈੱਕ ਕਰਨਗੇ।

ਜਿਹੜੇ ਉਤਪਾਦਕ ਅਤੇ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ, ਹੁਕਮਾਂ ਦੀ ਤਾਮੀਲ ਕਰਵਾਉਣ ਵਾਲੀ ਟੀਮ ਦੇ ਮੈਂਬਰਾਂ ਨੂੰ ਦਾਖਲ ਹੋਣ ਤੋਂ ਰੋਕਦੇ ਹਨ, ਉਨ੍ਹਾਂ ਨੂੰ 500 ਡਾਲਰ ਤੋਂ 10,000 ਤੱਕ ਦੇ ਜੁਰਮਾਨੇ ਹੋ ਸਕਦੇ ਹਨ।

ਇਸ ਤੱਥ ਸ਼ੀਟ ਵਿਚ ਵਰਤੇ ਗਏ ਲਫਜ਼ "ਡਾਇਰੈਕਟਰ" ਦਾ ਮਤਲਬ, ਇਮਪਲੌਏਮੈਂਟ ਸਟੈਂਡਰਡਜ਼ ਦਾ ਡਾਇਰੈਕਟਰ ਹੈ। ਹੁਕਮਾਂ ਦੀ ਤਾਮੀਲ ਕਰਵਾਉਣ ਵਾਲੀ ਟੀਮ ਦੇ ਮੈਂਬਰਾਂ ਕੋਲ, ਐਕਟ ਅਧੀਨ, ਡਾਇਰੈਕਟਰ ਦੇ ਫਰਜ਼ਾਂ, ਤਾਕਤਾਂ ਅਤੇ ਕਾਰਜਾਂ ਦਾ ਅਧਿਕਾਰ ਹੁੰਦਾ ਹੈ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਵੈੱਬਸਾਈਟ 'ਤੇ "ਐਗਰੀਕਲਚਰ" ਲਿੰਕ ਦੇਖੋ ਜਾਂ (604) 513-4604 'ਤੇ ਐਗਰੀਕਲਚਰ ਹੌਟਲਾਈਨ ਨਾਲ ਸੰਪਰਕ ਕਰੋ।